BRITISH COLUMBIA | HealthLinkBC

Punjabi - Number 67
March 2022

# ਨਿਊਬੌਰਨ ਸਕ੍ਰੀਨਿੰਗ ਟੈਸਟ
# Newborn Screening Test

## ਮੇਰੇ ਬੱਚੇ ਨੂੰ ਸਕ੍ਰੀਨ ਕਿਉਂ ਕੀਤਾ ਜਾਂਦਾ ਹੈ?

ਤੁਹਾਡੇ ਬੱਚੇ ਦੇ ਖ਼ੂਨ ਦੀ ਇੱਕ ਛੋਟੀ ਜਿਹੀ ਬੂੰਦ ਉਸ ਦੀ ਸਿਹਤ ਬਾਰੇ ਅਹਿਮ ਜਾਣਕਾਰੀ ਪ੍ਰਾਪਤ ਕਰਨ ਲਈ ਵਰਤੀ ਜਾ ਸਕਦੀ ਹੈ। ਇੱਕ ਨਵਜੰਮਿਆ ਬੱਚਾ ਤੰਦਰੁਸਤ ਦਿਖ ਸਕਦਾ ਹੈ ਪਰ ਉਸਨੂੰ ਇੱਕ ਦੁਰਲੱਭ ਅਤੇ ਗੰਭੀਰ ਬਿਮਾਰੀ ਹੋ ਸਕਦੀ ਹੈ ਜਿਸ ਬਾਰੇ ਤੁਹਾਨੂੰ ਅਤੇ ਤੁਹਾਡੇ ਡਾਕਟਰ ਜਾਂ ਦਾਈ ਨੂੰ ਪਤਾ ਨਹੀਂ ਹੋ ਸਕਦਾ। ਨਿਊਬੌਰਨ ਸਕ੍ਰੀਨਿੰਗ ਉਹਨਾਂ ਬੱਚਿਆਂ ਨੂੰ ਲੱਭਦੀ ਹੈ ਜਿਹਨਾਂ ਵਿੱਚ ਇਹ ਦੁਰਲੱਭ ਬਿਮਾਰੀਆਂ ਹੋ ਸਕਦੀਆਂ ਹਨ। ਇਹਨਾਂ ਬਿਮਾਰੀਆਂ ਨੂੰ ਜਲਦੀ ਲੱਭਣਾ ਅਤੇ ਉਹਨਾਂ ਦਾ ਇਲਾਜ ਕਰਨਾ ਗੰਭੀਰ ਸਿਹਤ ਸਮੱਸਿਆਵਾਂ ਨੂੰ ਰੋਕਦਾ ਜਾਂ ਘਟਾਉਂਦਾ ਹੈ। ਜੇ ਇਲਾਜ ਨਾ ਕੀਤਾ ਜਾਵੇ, ਤਾਂ ਇਹਨਾਂ ਵਿੱਚੋਂ ਬਹੁਤ ਸਾਰੇ ਰੋਗ ਗੰਭੀਰ ਮਾਨਸਿਕ ਵਿਕਲਾਂਗਤਾ, ਹੋਰ ਸਿਹਤ ਸਮੱਸਿਆਵਾਂ ਅਤੇ ਨਿਆਣੇ ਦੀ ਅਚਾਨਕ ਮੌਤ (ਸਡਨ ਇੰਫੈਂਟ ਡੈੱਥ) ਦਾ ਕਾਰਨ ਬਣ ਸਕਦੀਆਂ ਹਨ।

ਬੀ.ਸੀ. ਵਿੱਚ, ਹਰੇਕ ਸਾਲ (ਹਰ 1000 ਵਿੱਚੋਂ 1) ਲਗਭਗ 55 ਬੱਚੇ ਪੈਦਾ ਹੁੰਦੇ ਹਨ ਜਿਨ੍ਹਾਂ ਵਿੱਚ ਇਹਨਾਂ ਵਿੱਚੋਂ ਇੱਕ ਵਿਕਾਰ ਪਾਇਆ ਜਾਂਦਾ ਹੈ।

## ਮੇਰੇ ਬੱਚੇ ਦਾ ਟੈਸਟ ਕਿਸ ਚੀਜ਼ ਲਈ ਕੀਤਾ ਜਾਏਗਾ?

ਤੁਹਾਡੇ ਬੱਚੇ ਦੀ 24 ਦੁਰਲੱਭ ਪਰ ਇਲਾਜਯੋਗ ਬਿਮਾਰੀਆਂ ਲਈ ਜਾਂਚ ਕੀਤੀ ਜਾਵੇਗੀ। 24 ਵਿਕਾਰ 4 ਸ਼੍ਰੇਣੀਆਂ ਵਿੱਚ ਆਉਂਦੇ ਹਨ:

- ਮੈਟਾਬੌਲਿਕ ਬਿਮਾਰੀਆਂ (metabolic disorders)
- ਐਂਡੋਕ੍ਰਾਇੰਨ (ਹਾਰਮੋਨ) ਬਿਮਾਰੀਆਂ (endocrine (harmone) disorders)
- ਖ਼ੂਨ ਦੀਆਂ ਬਿਮਾਰੀਆਂ ਅਤੇ
- ਸਿਸਟਿਕ ਫਾਈਬ੍ਰੋਸਿਸ (Cystic Fibrosis)

ਇੰਨਾਂ ਟੈਸਟਾਂ ਬਾਰੇ ਹੋਰ ਜਾਣਕਾਰੀ ਲਈ, www.newbornscreeningbc.ca ਤੇ ਪੇਰੀਨੇਟਲ ਸਰਵਿਸਿਜ਼ ਬੀ ਸੀ (Perinatal Services BC) ਤੇ ਜਾਓ।

## ਮੇਰੇ ਬੱਚੇ ਦਾ ਟੈਸਟ ਕਿਵੇਂ ਕੀਤਾ ਜਾਏਗਾ?

ਅੱਡੀ ਤੇ ਸਰਲ ਜਿਹੇ ਚੁਭੋ ਦੇ ਨਾਲ ਸੂਈ ਦੁਆਰਾ ਖ਼ੂਨ ਦਾ ਛੋਟਾ ਜਿਹਾ ਨਮੂਨਾ ਲਿਆ ਜਾਂਦਾ ਹੈ, ਆਮ ਤੌਰ ਤੇ ਹਸਪਤਾਲ ਤੋਂ ਛੁੱਟੀ ਮਿਲਣ ਤੋਂ ਪਹਿਲਾਂ। ਇਹ ਤੁਹਾਡੇ ਬੱਚੇ ਲਈ ਇੱਕ ਪਲ ਦੀ ਤਕਲੀਫ ਦਾ ਕਾਰਨ ਹੋਏਗਾ। ਖ਼ੂਨ ਦਾ ਨਮੂਨਾ ਜਾਂਚ ਲਈ ਬੀ ਸੀ ਚਿਲਡਰਨਜ਼ ਹਸਪਤਾਲ ਵਿਚਲੀ ਨਿਊਬੌਰਨ ਸਕ੍ਰੀਨਿੰਗ ਪ੍ਰਯੋਗਸ਼ਾਲਾ ਵਿੱਚ ਭੇਜਿਆ ਜਾਏਗਾ। ਗਰਭਨਾਲ ਦੇ ਖ਼ੂਨ ਦੀ ਵਰਤੋਂ ਨਹੀਂ ਕਰਨੀ ਚਾਹੀਦੀ ਕਿਉਂਕਿ ਇਹ ਮਾਂ ਦੇ ਖ਼ੂਨ ਨਾਲ ਦੂਸ਼ਿਤ ਹੋ ਸਕਦਾ ਹੈ।

## ਮੇਰੇ ਬੱਚੇ ਦਾ ਟੈਸਟ ਜਨਮ ਤੋਂ ਕਿੰਨੇ ਸਮੇਂ ਬਾਅਦ ਕੀਤਾ ਜਾਏਗਾ?

ਨਿਊਬੌਰਨ ਸਕ੍ਰੀਨਿੰਗ ਖ਼ੂਨ ਦਾ ਨਮੂਨਾ ਲੈਣ ਲਈ ਆਦਰਸ਼ ਸਮਾਂ ਜਨਮ ਦੇ 24 ਤੋਂ 48 ਘੰਟਿਆਂ ਦੇ ਵਿਚਕਾਰ ਹੈ।

ਜੇ ਤੁਸੀਂ ਇੱਕ ਦਾਈ ਦੀ ਦੇਖਭਾਲ ਹੇਠ ਹੋ ਅਤੇ ਤੁਹਾਡਾ ਬੱਚਾ ਹਸਪਾਤਲ ਵਿੱਚ ਪੈਦਾ ਨਹੀਂ ਹੁੰਦਾ, ਤੁਹਾਡੀ ਦਾਈ ਘਰੇਲੂ ਮੁਲਾਕਾਤ ਦੇ ਦੌਰਾਨ ਖ਼ੂਨ ਦਾ ਨਮੂਨਾ ਇਕੱਠਾ ਕਰੇਗੀ।

## ਜੇ ਮੈਂ ਜਨਮ ਤੋਂ 24 ਘੰਟੇ ਤੋਂ ਘੱਟ ਬਾਅਦ ਆਪਣੇ ਬੱਚੇ ਦੇ ਨਾਲ ਘਰ ਚਲੀ ਜਾਂਦੀ ਹਾਂ ਤਾਂ ਕੀ?

ਹਸਪਤਾਲ ਤੋਂ ਜਾਣ ਤੋਂ ਪਹਿਲਾਂ ਇੱਕ ਖ਼ੂਨ ਦਾ ਨਮੂਨਾ ਲਿਆ ਜਾਵੇਗਾ। ਸਕ੍ਰੀਨਿੰਗ 24 ਘੰਟੇ ਤੋਂ ਘੱਟ ਉਮਰ ਵਿੱਚ 80% ਤੋਂ ਵੀ ਵੱਧ ਬਿਮਾਰੀਆਂ ਦਾ ਪਤਾ ਲਗਾਉਂਦੀ ਹੈ। ਜੇ ਤੁਹਾਡੇ ਬੱਚੇ ਨੂੰ ਇਹਨਾਂ ਵਿਕਾਰਾਂ ਵਿੱਚੋਂ ਇੱਕ ਹੈ, ਤਾਂ ਜਲਦੀ ਪਤਾ ਲਗਾਉਣਾ ਮਹੱਤਵਪੂਰਣ ਹੈ। ਤੁਹਾਨੂੰ ਹਦਾਇਤਾਂ ਮਿਲਣਗੀਆਂ ਕਿ 2 ਹਫਤਿਆਂ ਦੇ ਅੰਦਰ ਨਮੂਨਾ ਕਿਵੇਂ ਦੁਹਰਾਉਣਾ ਹੈ। ਦੂਜੇ ਨਮੂਨੇ ਦਾ ਉਦੇਸ਼ ਕੁਝ ਬੀਮਾਰੀਆਂ ਦੀ ਜਾਂਚ ਨੂੰ ਦੁਬਾਰਾ ਕਰਨਾ ' ਹੈ ਜੋ ਪਹਿਲੇ (ਸ਼ੁਰੂਆਤੀ) ਸਕ੍ਰੀਨ 'ਤੇ ਰਹਿ ਗਈਆਂ ਹੋ ਸਕਦੀਆਂ ਹਨ।

## ਕੀ ਮੈਂ ਉਡੀਕ ਕਰ ਸਕਦੀ ਹਾਂ ਅਤੇ ਬਾਅਦ ਵਿੱਚ ਆਪਣੇ ਬੱਚੇ ਦਾ ਟੈਸਟ ਕਰਵਾ ਸਕਦੀ ਹਾਂ?

ਜਿੰਨੀ ਜਲਦੀ ਇਹਨਾਂ ਇਲਾਜਯੋਗ ਵਿਕਾਰਾਂ ਦਾ ਪਤਾ ਲਗ ਜਾਂਦਾ ਹੈ, ਉਨਾਂ ਹੀ ਇਹਨਾਂ ਵਿਗਾੜਾਂ ਵਾਲੇ ਬੱਚਿਆਂ ਲਈ ਨਤੀਜਾ ਬਿਹਤਰ ਹੁੰਦਾ ਹੈ। ਇਸਦੀ ਜ਼ੋਰਦਾਰ ਢੰਗ ਨਾਲ ਸਲਾਹ ਦਿੱਤੀ ਜਾਂਦੀ ਹੈ ਕਿ ਹਸਪਤਾਲ ਤੋਂ ਬਾਹਰ ਜਾਣ ਤੋਂ ਪਹਿਲਾਂ ਤੁਹਾਡੇ ਬੱਚੇ ਦਾ ਖ਼ੂਨ ਦਾ ਨਮੂਨਾ ਲਿਆ ਜਾਵੇ। ਜੇ ਤੁਸੀਂ ਇਹ ਫੈਸਲਾ ਕਰਦੇ ਹੋ ਕਿ ਤੁਹਾਡੇ ਬੱਚੇ ਦੇ ਖ਼ੂਨ ਦਾ ਨਮੂਨਾ ਹਸਪਤਾਲ ਛੱਡੇ ਜਾਣ ਤੋਂ ਪਹਿਲਾਂ ਨਾ ਲਿਆ ਜਾਵੇ, ਅਤੇ ਉਸ ਦੇ ਖ਼ੂਨ ਦਾ ਨਮੂਨਾ ਬਾਅਦ ਵਿੱਚ ਲਿਆ ਜਾਵੇ ਤਾਂ ਤੁਹਾਨੂੰ ਇੱਕ ਫਾਰਮ 'ਤੇ ਦਸਤਖਤ ਕਰਨ ਦੀ ਜ਼ਰੂਰਤ ਹੋਏਗੀ। ਇਸ ਫਾਰਮ ਤੋਂ ਪਤਾ ਲੱਗਦਾ ਹੈ ਕਿ ਤੁਸੀਂ ਟੈਸਟ ਲਈ ਕਾਰਨਾਂ ਅਤੇ ਤੁਹਾਡੇ ਬੱਚੇ ਲਈ ਸੰਭਵ ਨਤੀਜਿਆਂ ਨੂੰ ਸਮਝਦੇ ਹੋ ਜੇਕਰ ਜਾਂਚ ਬਹੁਤ ਦੇਰ ਨਾਲ ਹੁੰਦੀ ਹੈ ਜਾਂ ਬਿਲਕੁਲ ਨਹੀਂ ਹੁੰਦੀ।

## ਮੈਂ ਸਕ੍ਰੀਨਿੰਗ ਦੇ ਨਤੀਜਿਆਂ ਦਾ ਪਤਾ ਕਿਵੇਂ ਲਗਾਵਾਂ?

ਤੁਹਾਡੇ ਬੱਚੇ ਦੇ ਸਕ੍ਰੀਨਿੰਗ ਨਤੀਜੇ ਤੁਹਾਡੇ ਬੱਚੇ ਦੇ ਡਾਕਟਰ ਜਾਂ ਦਾਈ ਨੂੰ ਭੇਜੇ ਜਾਂਦੇ ਹਨ।

## ਸਕ੍ਰੀਨ ਨੈਗੇਟਿਵ ਹੈ ਤਾਂ ਇਸ ਦਾ ਕੀ ਮਤਲਬ ਹੈ?

ਨੈਗੇਟਿਵ ਸਕ੍ਰੀਨਿੰਗ ਟੈਸਟ ਦਾ ਮਤਲਬ ਹੈ ਕਿ ਇਹ ਸੰਜੋਗ ਕਿ ਤੁਹਾਡੇ ਬੱਚੇ ਨੂੰ 24 ਬਿਮਾਰੀਆਂ ਵਿਚੋਂ ਇੱਕ ਹੈ ਬਹੁਤ ਨਿੰਮ੍ਹਾ ਹੈ।ਇਹ ਵਿਰਲੇ ਹੀ ਹੁੰਦਾ ਹੈ ਕਿ ਟੈਸਟ ਬੱਚੇ ਵਿਚਲੀ ਬੀਮਾਰੀ ਦਾ ਪਤਾ ਨਾ ਲਗਾਏ।

## ਇਸਦਾ ਕੀ ਮਤਲਬ ਹੈ ਜੇਕਰ ਸਕ੍ਰੀਨ ਪਾਜ਼ਿਟਿਵ ਹੈ ਅਤੇ ਅੱਗੇ ਕੀ ਹੋਵੇਗਾ?

ਇਸ ਦਾ ਮਤਲਬ ਇਹ ਨਹੀਂ ਹੈ ਕਿ ਤੁਹਾਡੇ ਬੱਚੇ ਨੂੰ ਇਹਨਾਂ ਬਿਮਾਰੀਆਂ ਵਿੱਚੋਂ ਇੱਕ ਹੈ, ਪਰ ਇਹ ਸੰਭਵ ਹੋ ਸਕਦਾ ਹੈ। ਇਹ ਪੱਕਾ ਪਤਾ ਕਰਨ ਲਈ ਤੁਹਾਡੇ ਬੱਚੇ ਨੂੰ ਹੋਰ ਟੈਸਟਾਂ ਦੀ ਲੋੜ ਪਵੇਗੀ। ਫਾਲੋ-ਅੱਪ ਟੈਸਟਿੰਗ ਦੀ ਕਿਸਮ ਜਾਂਚ ਕੀਤੇ ਜਾ ਰਹੇ ਵਿਗਾੜਾਂ 'ਤੇ ਨਿਰਭਰ ਕਰੇਗੀ ਅਤੇ ਇਸ ਵਿੱਚ ਖੂਨਦੇ ਹੋਰ ਟੈਸਟ ਸ਼ਾਮਲ ਹੋ ਸਕਦੇ ਹਨ।

ਜੇ ਤੁਹਾਡੇ ਬੱਚੇ ਨੂੰ ਇੰਨਾਂ ਵਿੱਚੋਂ ਇੱਕ ਅਵਸਥਾ ਹੈ, ਤਾਂ ਜਲਦੀ ਪਛਾਣ ਕੀਤੇ ਜਾਣਾ ਤੁਹਾਡੇ ਬੱਚੇ ਨੂੰ ਜਿੰਨੀ ਜਲਦੀ ਸੰਭਵ ਹੋ ਸਕੇ ਪ੍ਰਭਾਵਸ਼ਾਲੀ ਇਲਾਜ ਪ੍ਰਾਪਤ ਕਰਨ ਵਿੱਚ ਮਦਦ ਕਰੇਗਾ।ਤੁਹਾਨੂੰ ਇੰਨਾਂ ਬਿਮਾਰੀਆਂ ਦਾ ਇਲਾਜ ਕਰਨ ਵਿੱਚ ਅਨੁਭਵ ਵਾਲੇ ਡਾਕਟਰ ਕੋਲ ਭੇਜਿਆ ਜਾਏਗਾ।

## ਜਦੋਂ ਟੈਸਟ ਪੂਰਾ ਹੋ ਜਾਂਦਾ ਹੈ ਤਾਂ ਮੇਰੇ ਬੱਚੇ ਦੇ ਖੂਨ ਦੇ ਨਮੂਨੇ (ਬਲੱਡ ਸਪੌਟ ਕਾਰਡ) ਦਾ ਕੀ ਹੁੰਦਾ ਹੈ?

ਬੀਸੀ ਨਿਊਬੌਰਨ ਸਕ੍ਰੀਨਿੰਗ ਪ੍ਰੋਗਰਾਮ ਤੁਹਾਡੇ ਬੱਚੇ ਦੇ ਖੂਨ ਸਪੌਟ ਕਾਰਡ ਨੂੰ ਬਚੇ ਹੋਏ ਖੂਨ ਦੇ ਨਾਲ 10 ਸਾਲਾਂ ਲਈ ਰੱਖਦਾ ਹੈ।ਕਾਰਡ ਨੂੰ ਸੁਰੱਖਿਅਤ ਸਥਾਨ 'ਤੇ ਰੱਖਿਆ ਜਾਂਦਾ ਹੈ। ਕਦੇ-ਕਦਾਈਂ, ਟੈਸਟ ਕਰਵਾਏ ਜਾਣ ਤੋਂ ਬਾਅਦ ਸੁਕਾਏ ਗਏ ਖੂਨ ਦੇ ਨਮੂਨੇ ਨੂੰ ਹੋਰ ਉਦੇਸ਼ਾਂ ਲਈ ਵਰਤਿਆ ਜਾ ਸਕਦਾ ਹੈ। ਇਨ੍ਹਾਂ ਵਿੱਚ ਸ਼ਾਮਲ ਹਨ:

- ਜੇ ਜਾਂਚ ਦਾ ਪਹਿਲਾ ਨਤੀਜਾ ਸਪੱਸ਼ਟ ਨਹੀਂ ਹੈ ਤਾਂ ਦੁਬਾਰਾ ਜਾਂਚ ਕਰਨ ਲਈ
- ਕਿਸੇ ਸਿਹਤ ਸਮੱਸਿਆ ਦਾ ਕਾਰਣ ਲੱਭਣ ਦੀ ਕੋਸ਼ਿਸ਼ ਕਰਨਾ ਜੋ ਬੱਚੇ ਦੇ ਜੀਵਨ ਵਿੱਚ ਬਾਅਦ ਵਿੱਚ ਵਿਕਸਤ ਹੋਈ ਜਾਂ ਕਿਸੇ ਬੱਚੇ ਦੀ ਅਸਪਸ਼ਟ ਬੀਮਾਰੀ ਜਾਂ ਮੌਤ ਦੇ ਕਾਰਨ ਦਾ ਪਤਾ ਕਰਨ ਦੀ ਕੋਸ਼ਿਸ਼ ਲਈ
- ਇਹ ਪੱਕਾ ਕਰਨ ਲਈ ਕਿ ਪ੍ਰਯੋਗਸ਼ਾਲਾ ਦੁਆਰਾ ਕੀਤੇ ਗਏ ਟੈਸਟਾਂ ਦੀ ਗੁਣਵੱਤਾ ਦੀ ਜਾਂਚ ਕਰਨਾ ਕਿ ਨਤੀਜੇ ਸਹੀ ਹਨ
- ਵਿਕਾਰਾਂ ਦੀ ਸਕ੍ਰੀਨਿੰਗ ਲਈ ਬਿਹਤਰ ਟੈਸਟਾਂ ਦਾ ਵਿਕਾਸ ਕਰਨ ਲਈ

ਨਮੂਨਿਆਂ ਨੂੰ ਸਿਹਤ ਖੋਜ ਲਈ ਵੀ ਵਰਤਿਆ ਜਾ ਸਕਦਾ ਹੈ ਜੇਕਰ ਖੋਜ ਨੂੰ ਕਲੀਨੀਕਲ ਰਿਸਰਚ ਐਥਿਕਸ ਬੋਰਡ ਦੁਆਰਾ ਪ੍ਰਵਾਨਗੀ ਦਿੱਤੀ ਗਈ ਹੈ। ਇਨ੍ਹਾਂ ਮਾਮਲਿਆਂ ਵਿਚ, ਬੱਚੇ ਦੀ ਪਛਾਣ ਕਰਨ ਵਾਲੀ ਸਾਰੀ ਜਾਣਕਾਰੀ ਨੂੰ ਹਟਾ ਦਿੱਤਾ ਜਾਂਦਾ ਹੈ।

ਜੇ ਤੁਸੀਂ ਇਹ ਨਹੀਂ ਚਾਹੁੰਦੇ ਹੋ ਕਿ ਤੁਹਾਡੇ ਬੱਚੇ ਦੇ ਸਟੋਰ ਕੀਤੇ ਗਏ ਬਲੱਡ ਸਪੌਟ ਕਾਰਡ ਨੂੰ ਇਨ੍ਹਾਂ ਉਦੇਸ਼ਾਂ ਲਈ ਵਰਤਿਆ ਜਾਵੇ, ਤਾਂ ਤੁਸੀਂ "ਡਾਈਰੈਕਟਿਵ ਟੂ ਡਿਸਟਰੋਏ ਲੈਫਟਓਵਰ ਨਿਊਬੌਰਨ ਸਕ੍ਰੀਨਿੰਗ ਬਲੱਡ ਸੈਂਪਲਜ਼"(Directive to Destroy Leftover Newborn Screening Blood samples) ਨਾਮਕ ਇਕ ਫਾਰਮ ਭਰ ਸਕਦੇ ਹੋ ਅਤੇ ਇਸਨੂੰ ਬੀਸੀ ਨਿਊਬੌਰਨ ਸਕਰੀਨਿੰਗ ਪ੍ਰੋਗਰਾਮ ਨੂੰ ਭੇਜ ਸਕਦੇ ਹੋ।ਵੇਰਵੇ ਲਈ www.newbornscreeningbc.ca ਤੇ ਜਾਓ।